# 6
# ''ਤੂੰ ਜੋ ਸੁਰਗ ਵਿਚ ਹੈਂ''

ਖ਼ੁਦਾ ਦਾ ਐਲਾਨ ਹੈ ਕਿ ''ਅਕਾਸ਼ ਮੇਰਾ ਸਿੰਘਾਸਣ ਅਤੇ ਧਰਤੀ ਮੇਰੇ ਪੈਰਾਂ ਦੀ ਚੌਂਕੀ ਹੈ'' (ਯਸਾਯਾਹ 66:1)। ਜਿਸ ਧਰਤੀ 'ਤੇ ਇਸ ਵਕਤ ਅਸੀਂ ਵਿਚਰ ਰਹੇ ਹਾਂ ਉਹ ਖ਼ੁਦਾ ਦੇ ਪੈਰਾਂ ਦੀ ਚੌਂਕੀ ਹੈ, ਅਤੇ ਅਸੀਂ ਉਸਦੇ ਸਾਹਮਣੇ ਛੋਟੀਆਂ-ਛੋਟੀਆਂ ਟਿੱਡੀਆਂ ਵਾਂਗ ਹਾਂ (ਯਸਾਯਾਹ 40:22)। ਸੁਭਾਵਕ ਜਾਂ ਆਮ ਆਦਮੀ ਖ਼ੁਦਾ ਦੀਆਂ ਗੱਲਾਂ ਦੇ ਡੂੰਘੇ ਭੇਤ ਨਹੀਂ ਸਮਝ ਸਕਦਾ (1 ਕੁਰਿੰਥੀਆਂ 2:10, 14) ਅਤੇ ਨਾ ਅਸੀਂ ਯਿਸੂ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝ ਸਕਦੇ ਹਾਂ ਜਿਸ ਵਿਚ ਉਸਨੇ ਕਿਹਾ, ''ਹੇ ਸਾਡੇ ਪਿਤਾ, ਤੂੰ ਜੋ ਸੁਰਗ ਵਿਚ ਹੈਂ'' (ਮੱਤੀ 6:9)। ਜੋ ਕੁਝ ਉਹ ਹੈ ਅਤੇ ਹੋਵੇਗਾ ਉਹਦੀਆਂ ਬਹੁਤੀਆਂ ਗੱਲਾਂ ਦੱਸੀਆਂ ਨਹੀਂ ਗਈਆਂ ਹਨ (1 ਯੂਹੰਨਾ 3:2)।

ਫਿਰ ਵੀ ਸਾਡੇ 'ਤੇ ਖ਼ੁਦਾ ਦੀਆਂ ਗੱਲਾਂ, ਖ਼ੁਦਾ ਦੀ ਅਗਵਾਈ ਪਾਏ ਲੋਕਾਂ ਦੇ ਰਾਹੀਂ ਪਰਗਟ ਕੀਤੀਆਂ ਗਈਆਂ ਹਨ। ਜਿਸ ਕਰਕੇ ਪਵਿੱਤਰ ਲਿਖਤ (ਖ਼ੁਦਾ ਦੇ ਸਾਹ ਤੋਂ) ਦੀ ਸਿੱਖਿਆ ਤੋਂ ਸਾਨੂੰ ਸੰਸਾਰ ਵਿਚ ਬਿਲਕੁਲ ਅਨਜਾਣ ਨਹੀਂ ਰਹਿਣ ਦਿੱਤਾ ਗਿਆ। ਖ਼ੁਦਾ ਦੇ ਰਹਿਣ ਦੀ ਥਾਂ ਅਰਥਾਤ ਸੁਰਗ ਵਿਚ ਕੁਝ ਗਿਆਨ ਪਾ ਕੇ ਅਸੀਂ ਆਉਣ ਵਾਲੇ ਸੰਸਾਰ ਦੀਆਂ ਸ਼ਕਤੀਆਂ ਦਾ ਅਨੁਭਵ ਕਰ ਸਕਦੇ ਹਾਂ (ਇਬਰਾਨੀਆਂ 6:5)।

## ਅਲੱਗ-ਅਲੱਗ ਅਸਮਾਨ

ਬਾਈਬਲ ਅਲੱਗ-ਅਲੱਗ ਅਕਾਸ਼ਾਂ ਦੀ ਗੱਲ ਕਰਦੀ ਹੈ, ਪਰ ''ਸੱਤ ਅਸਮਾਨਾਂ'' ਦੀ ਗੱਲ ਮਨੁੱਖੀ ਸਾਹਿਤ ਵਿੱਚੋਂ ਹੀ ਮਿਲਦੀ ਹੈ। ਸੁਰਗ ਲਈ ਅੰਗ੍ਰੇਜ਼ੀ ਸ਼ਬਦ (heavens) ਨੂੰ ਕਈ ਵਾਰ ਅਸਮਾਨ ਲਈ ਵੀ ਵਰਤਿਆ ਜਾਂਦਾ ਹੈ। ਬਾਈਬਲ ਦੱਸਦੀ ਹੈ ਇਕ ਅਸਮਾਨ ਉਹ ਹੈ ਜਿੱਥੇ ਪੰਛੀ ਉੱਡਦੇ ਹਨ: ''ਪਾਣੀ ਸਭ ਜੀਉਂਦੇ ਪ੍ਰਾਣੀਆਂ ਨਾਲ ਭਰ ਜਾਣ ਅਤੇ ਪੰਛੀ ਧਰਤੀ ਤੋਂ ਉਤਾਹਾਂ ਅਕਾਸ਼ ਦੇ ਅੰਬਰ ਵਿਚ ਉੱਡਣ'' (ਉਤਪਤ 1:20)। ਪੰਛੀਆਂ, ਬੱਦਲਾਂ ਅਤੇ ਹਵਾ ਤੋਂ ਉੱਪਰਲੇ ਅਸਮਾਨ ਵਿਚ ਅਣਗਿਣਤ ਤਾਰਿਆਂ, ਚੰਦਰਮਾਂ ਅਤੇ ਗ੍ਰਹਿਆਂ ਦਾ ਵਾਸ ਹੈ। ਪਵਿੱਤਰ ਲਿਖਤ ਵਿਚ ਉਸ ਖੇਤਰ ਨੂੰ ਵੀ ਅਸਮਾਨ ਆਖਿਆ ਗਿਆ ਹੈ: ''ਅਕਾਸ਼ ਦੇ ਅੰਬਰ ਵਿਚ ਜੋਤਾਂ ਹੋਣ ਤਾਂ ਜੋ ਉਹ ਦਿਨ ਨੂੰ ਰਾਤ ਤੋਂ ਅੱਡ ਕਰਨ'' (ਉਤਪਤ 1:14)।

ਪੰਛੀਆਂ ਵਾਲੇ ਅਸਮਾਨ ਨੂੰ ਪਹਿਲਾ ਅਤੇ ਤਾਰਿਆਂ ਦੇ ਅਸਮਾਨ ਨੂੰ ਦੂਜਾ ਅਕਾਸ਼ ਆਖਿਆ ਜਾਵੇ ਜਾਂ ਨਾ, ਪਤਾ ਨਹੀਂ। ਪਰ ਖ਼ੁਦਾ ਨੇ ਸਾਨੂੰ ਤੀਜੇ ਅਸਮਾਨ ਤੋਂ ਜਿਸ ਨੂੰ ਸੁਰਗਲੋਕ ਕਿਹਾ ਜਾਂਦਾ ਹੈ, ਅਨਜਾਣ ਨਹੀਂ ਰੱਖਿਆ ਹੈ। ਯਿਸੂ ਅਤੇ ਸਲੀਬ ਉੱਤੇ ਮਰਨ ਵਾਲਾ ਡਾਕੂ ਉੱਥੇ ਹੀ ਗਏ ਸਨ (ਲੂਕਾ 23:43), ਜਿਵੇਂ ਪੌਲੁਸ ਵੀ ਗਿਆ (2 ਕੁਰਿੰਥੀਆਂ 12:2, 4)। ਤੀਜੇ ਅਸਮਾਨ ਤੋਂ ਪੌਲੁਸ ਅਤੇ ਯਿਸੂ ਇਸ ਧਰਤੀ 'ਤੇ ਵਾਪਸ ਆਏ। ਬੇਸ਼ੱਕ ਉਹ ਸੁਰਗਲੋਕ ਵਿਚ ਗਏ ਸਨ, ਪਰ ਉੱਥੇ ਨਹੀਂ ਗਏ ਜਿੱਥੇ ਪਿਤਾ ਦਾ ਵਾਸ ਹੈ, ਕਿਉਂਕਿ ਤੀਜੇ ਅਸਮਾਨ ਤੋਂ ਹੋ ਕੇ ਆਉਣ ਤੋਂ ਬਾਅਦ ਯਿਸੂ ਨੇ ਕਿਹਾ ਸੀ, ''ਮੈਂ ਅਜੇ ਪਿਤਾ ਦੇ ਕੋਲ ਉੱਪਰ ਨਹੀਂ ਗਿਆ ਹਾਂ'' (ਯੂਹੰਨਾ 20:17)।

# ਖ਼ੁਦਾ ਦੇ ਸੁਰਗ ਦਾ ਵਜੂਦ

ਬੇਪਰਤੀਤੇ ਲੋਕ ਰੋਹ ਵਿਚ ਆਖਦੇ ਹਨ ਕਿ ਖਗੋਲ ਵਿਗਿਆਨੀਆਂ ਨੂੰ ਅਸਮਾਨ ਵਿਚ ਖ਼ੁਦਾ ਦਾ ਤਖ਼ਤ ਨਹੀਂ ਮਿਲਿਆ ਸੀ, ਜਿਸ ਤੋਂ ਸਾਬਤ ਹੁੰਦਾ ਹੈ ਕਿ ਇਹ ਕੋਰੀ ਕਲਪਨਾ ਹੈ। ਇਸੇ ਛਲਾਵੇ ਤੋਂ ਉਹ ਇਹ ''ਸਾਬਤ'' ਕਰਦੇ ਹਨ ਕਿ ਜ਼ਿੰਦਗੀ ਦਾ ਕੋਈ ਵਜੂਦ ਨਹੀਂ ਹੈ, ਕਿਉਂਕਿ ਜ਼ਿੰਦਗੀ ਦੀ ਕੋਈ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ ਅਤੇ ਨਾ ਹੀ ਉਸਦੀ ਵਿਆਖਿਆ ਕੀਤੀ ਜਾ ਸਕਦੀ ਹੈ। ਭਲਾ ਸੁਰਗ ਦੇ ਵਜੂਦ 'ਤੇ ਇਸ ਕਾਰਨ ਸ਼ੱਕ ਕਰਨਾ ਸਹੀ ਹੈ ਕਿ ਨਾਸਵਾਨ ਦੂਰਬੀਨਾਂ ਉਸ ਅਸੀਮ ਖ਼ੁਦਾ ਦੇ ਨਿਵਾਸ ਨੂੰ ਲੱਭਣ ਵਿਚ ਨਾਕਾਮ ਰਹੀਆਂ ਹਨ। ਜੇ ਰੂਹਾਨੀ ਸੁਰਗ ਉਨ੍ਹਾਂ ਦੀਆਂ ਹੱਦਾਂ 'ਚ ਹੁੰਦਾ ਤਾਂ ਵੀ ਇਹ ਭੌਤਿਕ ਲੈਂਜ਼ ਉਸ ਨੂੰ ਨਹੀਂ ਵੇਖ ਸਕਦਾ ਹੈ। ''ਖ਼ੁਦਾ ਆਤਮਾ ਹੈ'' (ਯੂਹੰਨਾ 4:24); ''ਆਤਮਾ ਦੇ ਹੱਡੀ ਮਾਸ ਨਹੀਂ ਹੁੰਦਾ'' (ਲੂਕਾ 24:39), ਬਲਕਿ ਉਹ ''ਅਦਿੱਖ'' ਹੈ (ਕੁਲੁੱਸੀਆਂ 1:15)।

ਫਿਰ ਖਗੋਲ ਵਿਗਿਆਨੀਆਂ ਦੀਆਂ ਵਿਸ਼ਾਲ ਤੋਂ ਵਿਸ਼ਾਲ ਹੁੰਦੇ ਜਾਂ ਰਹੇ ਸੰਸਾਰ ਦੀਆਂ ਲਗਾਤਾਰ ਖੋਜਾਂ ਤੋਂ ਹੈਰਾਨ ਹੋ ਕੇ ਸਾਨੂੰ ਨਾਸਵਾਨ ਮਨੁੱਖਾਂ ਨੂੰ ਹਲੀਮ ਹੋ ਕੇ ਆਖਣਾ ਚਾਹੀਦਾ ਹੈ, ''ਅਸੀਂ ਤਾਂ ਖ਼ਮੋਸ਼ ਹੀ ਰਹਾਂਗੇ, ਕਿਉਂਕਿ ਪਤਾ ਨਹੀਂ ਦੂਰਬੀਨਾਂ ਦੇ ਅੱਗੇ ਅਜੇ ਹੋਰ ਕੀ-ਕੀ ਹੈ, ਸਾਰੇ ਭੌਤਿਕ ਸੰਸਾਰ ਦੇ ਅੱਗੇ ਦੀਆਂ ਸਭ ਗੱਲਾਂ ਉਸ ਤੋਂ ਕਿਤੇ ਘੱਟ ਹਨ।'' ਬੇਪਰਤੀਤੇ ਲੋਕਾਂ ਨੂੰ ਨਾ ਤਾਂ ਇੰਨਾ ਘਮੰਡ ਕਰਨਾ ਚਾਹੀਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਹੀ ਧੋਖੇ ਵਿਚ ਫਸਣਾ ਚਾਹੀਦਾ ਹੈ। ਰੱਬ ਕਰੇ ਕਿ ਉਨ੍ਹਾਂ ਦੇ ਮਨ ਵੀ ਅੱਯੂਬ ਵਾਂਗ ਹਲੀਮ ਹੋ ਕੇ ਆਖਣ, ''ਇਸ ਲਈ ਮੈਂ ਉਹ ਬਕਿਆ ਜਿਹਨੂੰ ਮੈਂ ਨਾ ਸਮਝਿਆ, ਇਹ ਮੇਰੇ ਲਈ ਅਚਰਜ ਗੱਲਾਂ ਸਨ ਜਿਨ੍ਹਾਂ ਨੂੰ ਮੈਂ ਨਹੀਂ ਜਾਣਦਾ ਸਾਂ। ਇਸ ਲਈ ... ਮੈਂ ਖ਼ਾਕ ਅਤੇ ਸੁਆਹ ਵਿਚ ਪਛਤਾਉਂਦਾ ਹਾਂ'' (ਅੱਯੂਬ 42:3-6)।

ਇਹ ਦਾਅਵਾ ਕਰਨਾ ਕਿ ਸੁਰਗ ਹੈ ਹੀ ਨਹੀਂ, ਨਾ ਸਿਰਫ਼ ਇਹ ਦੱਸਦਾ ਹੈ ਕਿ ਸਾਨੂੰ ਸੰਸਾਰ ਦਾ ਪੂਰਾ ਗਿਆਨ ਨਹੀਂ ਹੈ, ਸਗੋਂ ਉਸ ਗਿਆਨ ਨੂੰ ਵੀ ਵਿਖਾਉਂਦਾ ਹੈ ਜੋ ਸਾਡੇ ਵਜੂਦ ਦੇ ਦਾਇਰੇ ਤੋਂ ਬਾਹਰ ਹੈ। ਅਸਲ 'ਚ ਅਜਿਹਾ ਦਾਅਵਾ ਆਪਣੇ ਆਪ ਵਿਚ ਹੀ ਉਸ ਜਾਣੀ ਜਾਣ ਨੂੰ ਮੰਨ ਲੈਂਦਾ ਹੈ। ਸੁਰਗ ਦੇ ਵਜੂਦ ਤੋਂ ਇਨਕਾਰ ਕਰਨ ਲਈ ਪੂਰਣ ਗਿਆਨ ਹੋਣਾ ਜ਼ਰੂਰੀ ਹੈ ਕਿਉਂਕਿ ਇੱਕੋ ਗੱਲ ਜਿਹਦਾ ਮਨੁੱਖ ਨੂੰ ਪਤਾ ਨਹੀਂ ਹੈ, ਹੋਵੇਗੀ ਤਾਂ ਉਹ ਸੁਰਗ ਹੈ। ਸੁਰਗ ਦੀ ਹਕੀਕਤ ਤੋਂ ਇਨਕਾਰ ਕਰਨ ਲਈ ਸਰਬਵਿਆਪਕ ਹੋਣਾ ਵੀ ਜ਼ਰੂਰੀ ਹੈ, ਕਿਉਂਕਿ ਜੇ ਕੋਈ ਅਜਿਹੀ ਥਾਂ ਹੈ ਜਿੱਥੇ ਮਨੁੱਖ ਨਹੀਂ ਗਿਆ, ਤਾਂ ਉਹ ਸੁਰਗ ਹੀ ਹੋ ਸਕਦਾ ਹੈ। ਬੇਵਿਸ਼ਵਾਸੇ ਲੋਕਾਂ ਦੇ ਦਾਅਵਿਆਂ ਦੇ ਬਾਵਜੂਦ, ਬਹੁਤੀ ਖੁਸ਼ੀ ਦੇਣ ਵਾਲਾ ਅਤੇ ਤਰਕਸੰਗਤ, ਦਾਊਦ ਦਾ ਵਿਹਾਰ ਹੈ:

> ਹੇ ਯਹੋਵਾਹ, ਮੇਰਾ ਦਿਲ ਹੰਕਾਰੀ ਨਹੀ,
> ਨਾ ਮੇਰੀਆਂ ਅੱਖਾਂ ਘੁਮੰਡ ਦੀਆਂ ਹਨ,
> ਅਤੇ ਜਿਹੜੀਆਂ ਗੱਲਾਂ ਮੇਰੇ ਲਈ ਵੱਡੀਆਂ ਅਤੇ ਅਚਰਜ ਹਨ,
> ਮੈਂ ਉਨ੍ਹਾਂ ਵਿਚ ਦਖ਼ਲ ਨਹੀਂ ਦਿੰਦਾ।
> ਨਿਸੰਗ ਮੈਂ ਆਪਣੀ ਜਾਨ ਨੂੰ ਠੰਡਾ ਤੇ ਚੁੱਪ ਕਰਾ ਲਿਆ ਹੈ,
> ਜਿਵੇਂ ਦੁੱਧ ਛੁਡਾਇਆ ਹੋਇਆ ਬਾਲਕ ਆਪਣੀ ਮਾਂ ਨਾਲ ਹੈ,
> ਹਾਂ, ਦੁੱਧ ਛੁਡਾਏ ਹੋਏ ਬਾਲਕ ਵਾਂਗ ਮੇਰੀ ਜਾਨ ਮੇਰੇ ਅੰਦਰ ਹੈ
> (ਜ਼ਬੂਰ 131:1, 2)।

ਬੇਵਿਸ਼ਵਾਸਿਆਂ ਦਾ ਦਾਅਵਾ ਹੈ ਕਿ ਇਹ ਕਹਿਣਾ ਕਿ ਯਿਸੂ ''ਉੱਪਰ'' ਸੁਰਗ 'ਤੇ ਉਠਾ ਲਿਆ ਗਿਆ (ਰਸੂਲਾਂ ਦੇ ਕੰਮ 1:9) ਦਾ ਮਤਲਬ ਹੈ ਕਿ ਬਾਰਾਂ ਘੰਟਿਆਂ ਬਾਅਦ (ਧਰਤੀ ਦੇ ਘੁੰਮਣ ਕਰਕੇ)

ਸੁਰਗ ''ਹੇਠਾਂ'' ਹੋ ਜਾਵੇਗਾ। ਇਸ ਕਰਕੇ ਉਹ ਯਿਸੂ ਅਤੇ ਬਾਈਬਲ 'ਤੇ ਹੱਸਦੇ ਹਨ। ਜੇ ਖ਼ੁਦਾ ਦਾ ਵਾਸ ਭੌਤਿਕ ਵੀ ਹੁੰਦਾ, ਤਾਂ ਵੀ ਸੁਰਗ ਇੱਕੋ ਸਮੇਂ ਸਾਡੀ ਰਿਹਾਇਸ਼ ਨੂੰ ਪੂਰੀ ਤਰ੍ਹਾਂ ਢੱਕ ਕੇ ਧਰਤੀ ਦੀਆਂ ਸਭ ਹੱਦਾਂ ਵਿਚ ਹੋਣਾ ਸੀ। ਇਹ ਯਕੀਨ ਕਰਕੇ ਕਿ ਇਕੱਲਾ, ਸਚਮੁਚ ਭਲਾ ਅਤੇ ਸਾਰੀ ਦੁਨੀਆ ਵਿਚ ਕਬੂਲ ਕੀਤਾ ਜਾਣਾ ਵਾਲਾ ਪੁਰਖ ਜਾਣਦਾ ਸੀ ਕਿ ਉਹ ਆਪਣੇ ਮਿੱਤਰਾਂ ਨੂੰ ਪਿਤਾ ਦੇ ਘਰ ਲੈ ਜਾਣ ਦਾ ਵਾਅਦਾ ਕਰਕੇ ਕੀ ਆਖ ਰਿਹਾ ਸੀ, ਉਸ ਮਹਾਨ ਗੁਰੂ ਦੇ ਚਰਨਾਂ ਵਿਚ ਬੈਠਣਾ ਬੇਹੱਦ ਸਮਝਦਾਰੀ ਹੈ।

## ਖ਼ੁਦਾ ਦਾ ਸੁਰਗ

ਇਕ ਅਸਮਾਨ ਹੈ ਜਿੱਥੇ ਪਿਤਾ ਦਾ ਵਾਸ ਹੈ, ਉੱਥੇ ਯਿਸੂ ਦੇ ਇਲਾਵਾ ਜੋ ਸੁਰਗ ਤੋਂ ਹੇਠਾਂ ਆਇਆ ਅਤੇ ਪਿਤਾ ਦੇ ਸੱਜੇ ਹੱਥ ਬੈਠਣ ਲਈ ਫੇਰ ਉੱਥੇ ਮੁੜ ਗਿਆ ਹੈ, ''ਹੋਰ ਕੋਈ ਸੁਰਗ ਨਹੀਂ ਚੜ੍ਹਿਆ'' (ਯੂਹੰਨਾ 3:13)। ਸੁਲੇਮਾਨ ਨੇ ਖ਼ੁਦਾ ਦੇ ਰਹਿਣ ਦੀ ਥਾਂ ਨੂੰ ''ਸਭ ਤੋਂ ਉੱਚਾ ਸੁਰਗ'' ਆਖਿਆ (1 ਰਾਜਿਆਂ 8:27)। ਯਸਾਯਾਹ ਨਬੀ ਅਤੇ ਯੂਹੰਨਾ ਰਸੂਲ ਨੂੰ ਉਸ ਸ਼ਾਨਦਾਰ ਨਿਵਾਸ ਸਥਾਨ ਦਾ ਦਰਸ਼ਣ ਕਰਨ ਦਾ ਸੁਭਾਗ ਮਿਲਿਆ ਸੀ, ਅਤੇ ਤੁਹਾਨੂੰ ਅਤੇ ਮੈਨੂੰ ਉੱਥੇ ਹਮੇਸ਼ਾ-ਹਮੇਸ਼ਾ ਤਕ ਰਹਿਣ ਦੀ ਇਜਾਜ਼ਤ ਮਿਲੇਗੀ। ਆਦਰ ਅਤੇ ਵਡਿਆਈ ਪਾ ਕੇ ਪ੍ਰਭੂ ਯਸ਼ਬ ਪੱਥਰ ਅਤੇ ਮਾਣਕ ਵਾਂਗ ਤਖ਼ਤ ਤੇ ਬੈਠਦਾ ਹੈ। ਉਸਦੇ ਸਿਰ ਤੇ ਪੰਨੇ ਵਾਂਗੂੰ ਇਕ ਸਤਰੰਗੀ ਪੀਂਘ ਹੈ। ਲੱਖਾਂ-ਕਰੋੜਾਂ ਫ਼ਰਿਸ਼ਤੇ ਉਸ ਦੀ ਵਡਿਆਈ ਗਾਉਂਦੇ ਹਨ। ਅੱਖਾਂ ਅਤੇ ਪੈਰ ਢੱਕੇ ਹੋਏ ਸਰਾਫ਼ੀਮ ਤਖ਼ਤ ਦੇ ਉੱਤੇ ਇੱਧਰ ਉੱਧਰ ਘੁੰਮਦੇ ਹੋਏ ਇਕ ਦੂਜੇ ਨੂੰ ਆਖ ਰਹੇ ਹਨ, ''ਲਸ਼ਕਰਾਂ ਦਾ ਯਹੋਵਾਹ ਪਵਿੱਤਰ, ਪਵਿੱਤਰ, ਪਵਿੱਤਰ ਹੈ; ਸਾਰੀ ਧਰਤੀ ਉਸਦੇ ਤੇਜ ਨਾਲ ਭਰਪੂਰ ਹੈ'' (ਯਸਾਯਾਹ 6:3; ASV)।

ਧਰਤੀ 'ਤੇ ਰਹਿੰਦਿਆਂ ਯਿਸੂ, ਖ਼ੁਦਾ ਦੇ ਸੁਰਗ ਵਿਚ ਆਪਣੇ ਰਹਿਣ ਨੂੰ ਯਾਦ ਕਰਦਿਆਂ ਵਾਪਸ ਜਾਣ ਲਈ ਕਾਹਲਾ ਸੀ: ''ਹੁਣ, ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਜੋ ਮੈਂ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਕਰ'' (ਯੂਹੰਨਾ 17:5)।

ਜੇ ਸਭ ਤੋਂ ਉੱਚੇ ਸੁਰਗ ਵਰਗਾ ਕੋਈ ਸਭ ਤੋਂ ਜਲਾਲੀ ਥਾਂ ਹੈ, ਤਾਂ ਮਨੁੱਖਾਂ ਅਤੇ ਸੁਰਗੀ ਦੂਤਾਂ ਤੇ ਰਾਜ ਉੱਥੋਂ ਹੀ ਹੁੰਦਾ ਹੈ। ਉੱਥੇ ਦੇ ਅਤੇ ਧਰਤੀ ਦੇ ਹਰ ਪ੍ਰਾਣੀ ਨੂੰ ਚਾਹੀਦਾ ਹੈ ਕਿ ਉਹਦੀ ਸੁਣਨ ਜੋ ਵਡਿਆਈ ਵਿਚ ਆਪਣੇ ਤਖ਼ਤ ਤੇ ਬੈਠਾ ਹੈ। ''ਪਰ ਯਹੋਵਾਹ ਆਪਣੀ ਪਵਿੱਤਰ ਹੈਕਲ ਵਿਚ ਹੈ! ਸਾਰੀ ਧਰਤੀ ਉਸਦੇ ਅੱਗੇ ਖ਼ਾਮੋਸ਼ ਰਹੇ'' (ਹਬੱਕੂਕ 2:20; ASV)।

ਇਸ ਕਰਕੇ ਮਨੁੱਖੀ ਜੀਵਾਂ ਨੂੰ ਤਲਾਕ, ਨਸ਼ਾ, ਬਪਤਿਸਮਾ ਜਾਂ ਨਾਚ ਕਰਨ ਜਾਂ ਹੋਰ ਕਿਸੇ ਅਜਿਹੇ ਵਿਸ਼ੇ ਤੇ ਆਪਣੇ ਵਿਚਾਰ ਜਾਂ ਸਲਾਹ ਦੇਣ ਦਾ ਕੋਈ ਹੱਕ ਨਹੀਂ ਹੈ। ''ਆਦਮੀ ਦਾ ਰਾਹ ਉਸਦੇ ਵੱਸ ਵਿਚ ਨਹੀਂ ਹੈ'' (ਯਿਰਮਿਯਾਹ 10:23), ਕਿਉਂਕਿ ਪਾਪੀ ਹੋਣ ਕਰਕੇ ਉਹ ਆਪਣੀ ਸਿੱਧੀ ਰਾਹ 'ਤੇ ਨਹੀਂ ਚੱਲਦਾ ਹੈ। ਪ੍ਰੀਸ਼ਦਾਂ ਉਨ੍ਹਾਂ ਦੀਆਂ ਆਪਣੀਆਂ ਹੀ ਕਮਜ਼ੋਰੀਆਂ ਅਤੇ ਪਾਪਾਂ ਤੋਂ ਉੱਚੀਆਂ ਨਹੀਂ ਹੋ ਸਕਦੀਆਂ, ਇਸ ਕਰਕੇ ਮਨੁੱਖ ਖ਼ੁਦਾ ਦੀ ਹੈਕਲ ਵਿਚ ਬੈਠ ਕੇ ਖ਼ੁਦਾ ਵਾਂਗ ਹੀ ਗੱਲਾਂ ਨਹੀਂ ਕਰ ਸਕਦਾ। ਕਿਸੇ ਮਨੁੱਖ ਜਾਂ ਮਨੁੱਖੀ ਸੰਗਠਨ ਨੂੰ ਸਾਡੇ ਲਈ ਧਾਰਮਿਕ ਕਾਨੂੰਨ ਬਣਾਉਣ ਦਾ ਹੱਕ ਨਹੀਂ ਹੈ।

ਕਈ ਵਾਰ ਪ੍ਰਚਾਰਕ ਮਸੀਹੀ ਲੋਕਾਂ ਦੀ ਹੌਸਲਾ-ਅਫ਼ਜਾਈ ਕਰਦੇ ਹਨ ਕਿ ''ਤੁਹਾਨੂੰ ਜਿਹੜੀ ਕਲੀਸੀਆ ਚੰਗੀ ਲੱਗੇ ਓਸੇ ਵਿਚ ਚਲੇ ਜਾਓ।'' ਬੇਸ਼ੱਕ ਉਹ ਨਾ ਚਾਹੁੰਦਿਆਂ ਵੀ ਉਹ ਸਰਬਉੱਚ ਪਿਤਾ ਨੂੰ ਗੱਦੀਓਂ ਲਾਹ ਰਹੇ ਹੁੰਦੇ ਹਨ। ਉਹ ਸ਼ਗਿਰਦਾਂ ਦੀ ਦੁਆ ਦਾ ''ਸੁਰਗ ਵਿਚ'' ਵਾਲਾ ਹਿੱਸਾ ਬੇਕਾਰ ਕਰਦੇ ਹਨ। ਭਲਾ ਖ਼ੁਦਾ ਨੇ ਨਹੀਂ ਚੁਣਿਆ ਕਿ ਮਸੀਹੀ ਲੋਕ ਕਿਸ ਕਲੀਸੀਆ ਵਿਚ ਸ਼ਾਮਿਲ ਹੋਣ? ਫਿਰ ਨਾ ਚਾਹੁੰਦੇ ਹੋਏ ਵੀ ਅਜਿਹੇ ਪ੍ਰਚਾਰਕ ਪਾਪੀ ਮਨੁੱਖਾਂ ਨੂੰ ਤਾਂ ਉੱਚਾ ਚੁੱਕਦੇ ਹਨ ਜਦਕਿ ਓਸੇ ਨੂੰ ਕੱਢ ਦਿੰਦੇ ਹਨ ਜੋ ਬਚਾਉਣ ਦੇ ਯੋਗ ਹੈ।

ਜਦ ਮਸੀਹੀ ਬਣਨ ਵਾਲਿਆਂ ਨੂੰ ਕਿਹਾ ਜਾਂਦਾ ਹੈ ਕਿ ਉਹ ''ਆਪਣੀ ਪਸੰਦ ਦਾ'' ਬਪਤਿਸਮਾ ਲੈਣ, ਭਾਵੇਂ ਉਹ ਛਿੱਟੇ ਦਾ ਹੋਵੇ, ਜਾਂ ਤਰੌਂਕੇ ਦਾ, ਜਾਂ ਡੋਬੇ ਦਾ ਤਾਂ ਕਈ ਗਲਤੀਆਂ ਹੁੰਦੀਆਂ ਹਨ। ਸਭ ਤੋਂ ਵੱਡੀ ਬੁਨਿਆਦੀ ਗਲਤੀ ਇਹ ਸੋਚ ਹੈ ਕਿ ਬਪਤਿਸਮਾ ਕਿਵੇਂ ਵੀ ਦਿੱਤਾ ਜਾਵੇ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਹੋਰ ਬਹੁਤ ਸਾਰੇ ਲੋਕਾਂ ਵਾਂਗ ਜਦ ਤਕ ਮੈਨੋਨਾਈਟ ਲੋਕਾਂ ਵਾਂਗ ਬਪਤਿਸਮਾ ਲੈਣ ਵਾਲੇ ਨੂੰ ਗੋਤਾ ਆਉਣ ਤਕ ਅੱਗੇ ਨੂੰ ਝੁਕਾਉਣਾ, ਜਾਂ ਦੂਜੀਆਂ ਕਈ ਮੰਡਲੀਆਂ ਵਾਂਗ ਪਿੱਛੇ ਨੂੰ ਝੁਕਾਉਣ ਦੀ ਗੱਲ ਤੇ ਵਿਚਾਰ ਨਹੀਂ ਕੀਤਾ ਜਾਂਦਾ ਤਾਂ ਬਪਤਿਸਮੇ ਦੇ ''ਢੰਗ'' ਦੀ ਦੁਰਵਰਤੋਂ ਹੀ ਹੈ।

ਰੌਬਰਟ ਰਿਚਰਡਸਨ ਦੇ ਅਨੁਸਾਰ, ਪਹਿਲੀ ਵਾਰ ਬਪਤਿਸਮਾ ਦੇਣ ਵੇਲੇ ਥੌਮਸ ਕੈਂਪਬੈਲ ਨੇ ''ਤਲਾਅ ਕੰਢੇ ਨਿੱਕਲੀ ਇਕ ਜੜ੍ਹ 'ਤੇ ਖਲੋ ਕੇ ਬਪਤਿਸਮਾ ਲੈਣ ਵਾਲਿਆਂ ਦਾ ਸਿਰ ਉਦੋਂ ਤਕ ਪਾਣੀ ਵਿਚ ਝੁਕਾ ਕੇ ਰੱਖਿਆ ਜਦ ਤਕ ਉਹ ਉਸ ਪਾਣੀ ਦੀ ਕਬਰ ਵਿਚ ਦਫ਼ਨ ਨਹੀਂ ਹੋ ਗਏ।'' ਪਾਣੀ ਵਿਚ ਖਲੋ ਕੇ ਬਪਤਿਸਮਾ ਲੈਣ ਵਾਲਿਆਂ ਵਿੱਚੋਂ ਇਕ ਗੰਭੀਰ ਮਸੀਹੀ ਵੱਲੋਂ ਐਨ. ਬੀ. ਹਾਰਡਮੈਨ ਤੋਂ ਪੁੱਛਿਆ ਗਿਆ, ''ਮੈਂ ਬੈਠ ਕੇ ਬਪਤਿਸਮਾ ਕਿਉਂ ਨਹੀਂ ਲੈ ਸਕਦਾ?'' ਗੁਸ ਨਿਕੋਲਕਸ ਇਕ ਅਜਿਹੇ ਪ੍ਰਚਾਰਕ ਬਾਰੇ ਵਿਚ ਦੱਸਦਾ ਹੈ, ਜਿਸਨੇ ਬਪਤਿਸਮਾ ਲੈਣ ਵਾਲੇ ਨੂੰ ਖਲੋਤੇ ਨੂੰ ਹੇਠਾਂ ਡੋਬਣ 'ਤੇ ਜ਼ੋਰ ਦਿੱਤਾ ਕਿਉਂਕਿ ਦਰੋਗੇ ਨੂੰ ''ਸਿੱਧਾ'' ਬਪਤਿਸਮਾ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 16:33; KJV)। ਜੇ ਇਨ੍ਹਾਂ ਘਟਨਾਵਾਂ ਨੂੰ ਬਪਤਿਸਮੇ ਦੇ ''ਢੰਗ'' ਨਹੀਂ ਆਖਿਆ ਜਾ ਸਕਦਾ, ਤਾਂ ਕੋਈ ਹੋਰ ਢੰਗ ਵੀ ਨਹੀਂ ਹੈ। ਖ਼ੁਦਾ ਨੇ ਬਪਤਿਸਮੇ ਦਾ ਹੁਕਮ ਦਿੱਤਾ ਹੈ ਅਤੇ ਉਹ ਡੁਬਕੀ ਹੀ ਹੈ।

ਇੱਥੇ ਸਾਡੀ ਅਹਿਮ ਫ਼ਿਕਰ ਲੋਕਾਂ ਨੂੰ ''ਆਪਣੀ ਮਰਜ਼ੀ'' ਦਾ ਬਪਤਿਸਮਾ ਲੈਣ ਦੇਣਾ ਹੈ। ਸੱਚ ਤਾਂ ਇਹ ਹੈ ਕਿ ਪਾਪੀ ਮਨੁੱਖ ਹਨੇਰੇ ਵਿਚ ਹੈ ਅਤੇ ਉਹਨੂੰ ਨਹੀਂ ਪਤਾ ਕਿ ਕਿੱਧਰ ਜਾਣਾ ਹੈ। ਜਿਸ ਨੇ ਬਪਤਿਸਮੇ ਦਾ ਹੁਕਮ ਦਿੱਤਾ ਉਹ ਪਾਪ ਰਹਿਤ ਅਤੇ ਹੁਣ ਵੀ ਸੁਰਗ ਵਿਚ ਵੱਸਦਾ ਹੈ, ਜਿੱਥੇ ਕੋਈ ਮਨੁੱਖ ਪਹੁੰਚ ਨਹੀਂ ਸਕਦਾ, ਇਸ ਲਈ ਮਨੁੱਖ ਬਪਤਿਸਮਾ ਦੇਣ ਦੇ ''ਢੰਗ'' ਬਨਾਉਣ ਦਾ ਫ਼ੈਸਲਾ ਕਰਨ ਦੀ ਕੋਸ਼ਿਸ਼ ਕਰਕੇ ਗ਼ਲਤ ਕਰਦਾ ਹੈ।

ਇਸ ਲਈ ਇਹ ਦੁਆ ਕਰਕੇ ਕਿ ''ਤੂੰ ਜੋ ਸੁਰਗ ਵਿਚ ਹੈਂ'' ਮੈਂ ਇਹ ਆਖਦਾ ਹਾਂ ਕਿ ਪੂਰਾ ਅਖ਼ਤਿਆਰ ਖ਼ੁਦਾ ਦੇ ਹੱਥ ਹੈ। ਅਜਿਹੀ ਦੁਆ ਕਰਕੇ ਮੈਂ ਇਹੀ ਨਹੀਂ ਮੰਨਦਾ ਹਾਂ ਕਿ ਉਹਦੇ ਕੋਲ ਸਰਬਉੱਚ ਸ਼ਕਤੀ ਹੈ ਅਤੇ ਉਹ ਹੀ ਸਰਬ ਸ਼ਕਤੀ ਦਾ ਮਾਲਕ ਹੈ, ਸਗੋਂ ਮੈਂ ਉਹਦੀਆਂ ਸ਼ਕਤੀਆਂ ਨੂੰ ਵੀ ਮੰਨਦਾ ਹਾਂ, ਅਤੇ ਖ਼ੁਦਾ ਦੇ ਸੁਰਗ ਵਿਚ ਹੋਣ ਨੂੰ ਸਲਾਹੁੰਦਾ ਹਾਂ। ਰਾਜਾ ਯਹੋਸ਼ਾਫਾਟ ਨੂੰ ਉਸਦੀ ਉਸਤਤ ਕਰਦੇ ਸੁਣੋ:

> ਹੇ ਸਾਡੇ ਪਿਓ ਦਾਦਿਆਂ ਦੇ ਪਰਮੇਸ਼ੁਰ, ਕੀ ਤੂੰ ਅਕਾਸ਼ ਦੇ ਉੱਤੇ ਪਰਮੇਸ਼ੁਰ ਨਹੀਂ? ਅਤੇ ਤੂੰ ਹੀ ਸਾਰੀਆਂ ਕੌਮਾਂ ਦੇ ਰਾਜਾਂ ਦੇ ਉੱਤੇ ਰਾਜ ਨਹੀਂ ਕਰਦਾ? ਤੇਰੇ ਹੱਥ ਵਿਚ ਐਨੀ ਸ਼ਕਤੀ ਹੈ ਕਿ ਕੋਈ ਤੇਰਾ ਟਾਕਰਾ ਨਹੀਂ ਕਰ ਸਕਦਾ (2 ਇਤਿਹਾਸ 20:6)।

ਸੁਲੇਮਾਨ ਬਾਦਸ਼ਾਹ ਵੱਲੋਂ ਨਾਸ਼ਵਾਨ ਮਨੁੱਖ ਨੂੰ ਆਪਣੀ ਹਰ ਗੱਲ ਵਿਚ ਚੌਕਸ ਰਹਿਣ ਦਾ ਸੁਝਾਅ ਦੇਣ ਦਾ ਕਾਰਣ ਸੀ ਕਿ ''ਪਰਮੇਸ਼ੁਰ ਸੁਰਗ ਵਿਚ ਹੈ ਅਤੇ ਤੂੰ ਧਰਤੀ ਤੇ ਹੈਂ, ਇਸ ਲਈ ਤੇਰੇ ਬਚਨ ਥੋੜੇ ਹੀ ਹੋਣ'' (ਉਪਦੇਸ਼ਕ ਦੀ ਪੋਥੀ 5:2)।

ਅਕਾਸ਼ ਵਿਚ, ਧਰਤੀ ਤੇ, ਧਰਤੀ ਦੇ ਹੇਠਾਂ ਕੱਲ੍ਹ, ਅੱਜ ਅਤੇ ਹਮੇਸ਼ਾ ਲਈ ਉਸਦੇ ਅਧਿਕਾਰ ਨੂੰ ਮੰਨਣ ਤੋਂ ਇਲਾਵਾ, ''ਤੂੰ ਜੋ ਸੁਰਗ ਵਿਚ ਹੈਂ'' ਦੁਆ ਕਰਦਿਆਂ ਮੈਂ ਉਸ ਪਰਮ ਪ੍ਰਧਾਨ ਦੀ ਇਕ ਹੋਰ ਖ਼ੂਬੀ ਦਾ ਐਲਾਨ ਕਰਦਾ ਹਾਂ। ਮੇਰੇ ਕਹਿਣ ਤੋਂ ਭਾਵ ਹੈ ਕਿ ਅਮਰੀਕਾ ਹੋਵੇ ਜਾਂ ਚੀਨ, ਦਿਨ ਹੋਵੇ ਜਾਂ

ਰਾਤ, ਹਰ ਥਾਂ ਹਰ ਵਕਤ ਉਹਦੀਆਂ ਅੱਖਾਂ ਆਦਮ ਦੀ ਸੰਤਾਨ ਤੇ ਲੱਗੀਆ ਹੁੰਦੀਆਂ ਹਨ (ਜ਼ਬੂਰ 11:4)। ਉਹ ਇਹ ਕਿਵੇਂ ਕਰਦਾ ਹੈ, ਮੈਨੂੰ ਇਸ ਦੀ ਕੋਈ ਸਮਝ ਨਹੀਂ ਹੈ, ਅਜਿਹਾ ਗਿਆਨ ਮੇਰੇ ਲਈ ਬੜਾ ਹੀ ਅਨੋਖਾ ਹੈ। ਇਹ ਬਹੁਤ ਹੀ ਉੱਚਾ ਮੇਰੀ ਪਹੁੰਚ ਤੋਂ ਬੜਾ ਹੀ ਦੂਰ ਹੈ (ਜ਼ਬੂਰ 139:1-16)। ਖ਼ੁਦਾ ਮੇਰੇ ਬੈਠਣ, ਲੇਟਣ ਦਾ ਸਮਾਂ ਅਤੇ ਮੇਰੇ ਚੱਲਣ ਦੀ ਰਾਹ ਨੂੰ ਜਾਣਦਾ ਹੈ। ਬਹੁਤ ਪਹਿਲਾਂ ਤੋਂ ਉਹ ਮੇਰੀ ਸੋਚ ਨੂੰ ਜਾਣਦਾ ਹੈ। ਮੇਰੇ ਪੈਦਾ ਹੋਣ ਤੋਂ ਪਹਿਲਾਂ ਹੀ, ਮੇਰੇ ਲਈ ਉਹਨੇ ਯੋਜਨਾ ਬਣਾ ਲਈ ਸੀ: ''ਤੇਰੀਆਂ ਅੱਖਾਂ ਨੇ ਮੇਰੇ ਬੇਡੌਲ ਮਲਬੇ ਨੂੰ ਵੇਖਿਆ ਹੈ ਅਤੇ ਤੇਰੀ ਪੋਥੀ ਵਿਚ ਉਹ ਸਭ ਲਿਖੇ ਗਏ ਹਨ, ਮੇਰੇ ਦਿਨ ਮਿਥੇ ਗਏ, ਜਦ ਉਨ੍ਹਾਂ ਵਿੱਚੋਂ ਇਕ ਵੀ ਨਹੀਂ ਸੀ'' (ਜ਼ਬੂਰ 139:16)।

ਹਰ ਥਾਂ ਵੇਖਣ ਵਾਲੀ ਅੱਖ ਜਾਣਦੀ ਹੈ ਕਿ ਕਦ ਕੋਈ ਕਇਨ ਪੈਲੀਆਂ 'ਚੋਂ ਉੱਠ ਕੇ ਕਿਸੇ ਮਾਸੂਮ ਦਾ ਕਤਲ ਕਰੇਗਾ। ਉਹ ਬਾਬੁਲ ਦੇਸ਼ ਦੇ ਸੋਹਣੇ ਲਿਬਾਸ, ਚੋਗੇ, ਚਾਂਦੀ ਦੇ ਸਿੱਕੇ, ਸ਼ੇਕੇਲ ਅਤੇ ਸੋਨੇ ਦੀ ਇੱਟ ਚੋਰੀ ਕਰਨ ਵਾਲੇ ਅਕਾਨ ਨੂੰ ਵੇਖਦਾ ਹੈ। ਹਰ ਥਾਂ ਮੌਜੂਦ ਅਤੇ ਅੰਤਰਯਾਮੀ ਸੁਰਗ ਦੇ ਉਸ ਵਾਸੀ ਨੇ ਇਕ ਬੁੱਢੇ ਅਤੇ ਅੰਨ੍ਹੇ ਨਬੀ ਨੂੰ ਇਕ ਬਹਿਰੂਪੀਏ ਦਾ ਸੁਆਗਤ ਕਰਨ ਦੇ ਯੋਗ ਬਣਾਇਆ: ''ਹੇ ਯਾਰਾਬੁਆਮ ਦੀ ਰਾਣੀ ਅੰਦਰ ਲੰਘ ਆ, ਤੂੰ ਆਪ ਨੂੰ ਹੋਰ ਤੀਵੀਂ ਕਿਉਂ ਬਣਾਉਂਦੀ ਹੈ?'' (1 ਰਾਜਿਆਂ 14:6)। ਜਦ ਚੁੱਪ ਕਰਕੇ ਗੇਹਾਜ਼ੀ ਨੇ ਕੱਪੜੇ ਅਤੇ ਚਾਂਦੀ ਲੈਣ ਲਈ ਝੂਠੀ ਕਹਾਣੀ ਘੜੀ, ਤਾਂ ਸੁਰਗ ਤੋਂ ਵੇਖਣ ਵਾਲੇ ਨੇ ਇਸ ਬੇਪਰਤੀਤੇ ਸੇਵਕ ਤੇ ਹਰ ਸਮੇਂ ਨਜ਼ਰ ਰੱਖਣ ਦੀ ਅਲੀਸ਼ਾ ਨਬੀ ਨੂੰ ਸ਼ਕਤੀ ਦਿੱਤੀ: ''... ਤਦ ਦਾ ਪੂਰਾ ਹਾਲ ਮੈਨੂੰ ਪਤਾ ਨਹੀਂ ਸੀ?'' (2 ਰਾਜਿਆਂ 5:26)।

ਹਰ ਥਾਂ ਵੇਖਣ ਵਾਲੀ ਉਹਦੀ ਅੱਖ ਕਰਕੇ ਬਦਕਾਰਾਂ ਨੂੰ ਡਰਦੇ ਹੋਏ ਕੰਬਣਾ ਚਾਹੀਦਾ ਹੈ ਅਤੇ ਭਲੇ ਲੋਕਾਂ ਨੂੰ ਉਸ ਵੱਲੋਂ ਬੜੀ ਤਸੱਲੀ ਮਿਲਣੀ ਚਾਹੀਦੀ ਹੈ। ਉਹੀ ਅੱਖ ਜੋ ਬੁਰਾਈ ਨੂੰ ਵੇਖਦੀ ਹੈ, ਹਰ ਭਲੇ ਕੰਮ ਨੂੰ ਵੀ ਵੇਖਦੀ ਹੈ। ਖ਼ੁਦਾ ਧਰਮੀ ਹੈ ਕਿਉਂਕਿ ਜਦ ਤੁਸੀਂ ਮੁਸੀਬਤ ਵਿਚ ਫਸੇ ਲੋਕਾਂ ਦੀ ਸੇਵਾ ਕਰਦੇ ਹੋ ਤਾਂ ਉਹ ਤੁਹਾਡੇ ਵਿਸ਼ਵਾਸ ਅਤੇ ਪਿਆਰ ਨਾਲ ਕੀਤੇ ਕੰਮਾਂ ਨੂੰ ਭੁੱਲਦੇ ਨਹੀਂ ਹਨ। ਉਸ ਦੀਆਂ ਅੱਖਾਂ ਕਿਸੇ 'ਤੇ ਕੀਤੇ ਜ਼ੁਲਮ ਨੂੰ ਹੀ ਨਹੀਂ ਵੇਖਦੀਆਂ ਉਹ ਆਪਣੇ ਛੋਟੇ ਬੱਚਿਆਂ ਵਾਸਤੇ ਦਇਆ ਨਾਲ ਕੀਤੇ ਕੰਮ ਨੂੰ ਵੇਖਦਾ ਹੈ।

## ਸੁਰਗ ਤੋਂ ਖ਼ੁਦਾ ਦਾ ਧਿਆਨ

ਇਹ ਖ਼ਿਆਲ ਕਿੰਨਾ ਕੀਮਤੀ ਹੈ ਕਿ ਸੁਰਗ 'ਚ ਆਪਣੇ ਤਖ਼ਤ 'ਤੇ ਬੈਠੇ ਖ਼ੁਦਾ ਦੀ ਨਜ਼ਰ ਵਿਚ ਆਉਣਾ ਅਤੇ ਪਿਆਰੇ ਬਣਨ ਲਈ ਜ਼ਰੂਰੀ ਨਹੀਂ ਹੈ ਕਿ ਤੁਸੀਂ ਭਲਿਆਈ ਦੇ ਕੰਮ ਕਰੋ। ਜੇ ਤੁਸੀ ਕਿਸੇ ਨੂੰ ਠੰਡੇ ਪਾਣੀ ਦਾ ਗਿਲਾਸ ਪਿਲਾ ਸਕਦੇ ਹੋ, ਤਾਂ ਪਿਲਾਓ, ਤੁਹਾਨੂੰ ਉਸ ਦਾ ਅਜਰ ਜ਼ਰੂਰ ਮਿਲੇਗਾ। ਹੋ ਸਕਦਾ ਹੈ ਕਿਸੇ ਲੋੜਵੰਦ ਦੇ ਦਰਵਾਜ਼ੇ 'ਤੇ ਆਟੇ ਦੀ ਥੈਲੀ ਰੱਖਦੇ ਹੋਏ ਤੁਹਾਨੂੰ ਕੋਈ ਬੰਦਾ ਨਾ ਵੇਖੇ, ਪਰ ਤੁਹਾਡਾ ਪਿਤਾ ਜੋ ਗੁਪਤ ਵਿਚ ਵੇਖਦਾ ਹੈ ਤੁਹਾਨੂੰ ਵਿਆਜ ਸਹਿਤ ਮੋੜ ਦੇਵੇਗਾ।

ਅਜਿਹਾ ਵਕਤ ਵੀ ਆਇਆ ਹੋਵੇਗਾ ਜਦ ਤੁਸੀਂ ਆਪਣੇ ਗੁਆਂਢੀ ਨਾਲ ਖ਼ੁਦਾ ਵੱਲੋਂ ਮਿਲੀ ਖੁਸ਼ਖ਼ਬਰੀ ਦੀ ਗੱਲ ਕਰਕੇ ਉਸ ਨੂੰ ਸ਼ੁੱਧ ਕਰਨ ਵਾਲੇ ਲਹੂ ਦੇ ਚਸ਼ਮੇ ਕੋਲ ਧੋਣ ਲਈ ਗਏ ਹੋਵੇ। ਹੋ ਸਕਦਾ ਹੈ ਕਿ ਪ੍ਰਚਾਰਕ ਨੇ ਜਾਂ ਕਿਸੇ ਹੋਰ ਨੇ ਤੁਹਾਡੀ ਤਾਰੀਫ਼ ਨਾ ਕੀਤੀ ਹੋਵੇ ਪਰ ਤੁਸੀਂ ਆਪਣਾ ਕੰਮ ਉਸ ਤੋਂ ਕੁਝ ਪਾਉਣ ਲਈ ਨਹੀਂ ਕੀਤਾ। ਤੁਸੀਂ ਯਿਸੂ ਨੂੰ ਪਾ ਕੇ ਆਪਣੇ ਪਾਪਾਂ ਤੋਂ ਅਜ਼ਾਦ ਹੋ ਕੇ ਧਾਰਮਿਕਤਾ ਦਾ ਆਨੰਦ ਮਾਣ ਰਹੇ ਸੀ, ਅਤੇ ਚਾਹਿਆ ਕਿ ਅਜਿਹੇ ਸ਼ਾਨਦਾਰ ਅਤੇ ਹਮੇਸ਼ਾ ਤਕ ਰਹਿਣ ਵਾਲੇ ਤਜਰਬਿਆਂ ਨੂੰ ਆਪਣੇ ਗੁਆਂਢੀ ਨੂੰ ਵੀ ਦੱਸਾਂ। ਸਭ ਕੁਝ ਵੇਖਣ ਲਈ ਆਪਣੀ ਅੱਖ ਤੁਹਾਡੇ ਜ਼ਰ੍ਹੀਏ ਕੀਤੀਆਂ ਗਈਆਂ ਹਲੀਮ ਕੋਸ਼ਿਸ਼ਾਂ ਨਾਲ ਆਪਣੇ ਗੁਆਂਢੀ ਨੂੰ ਸਮਝਾਉਣ ਦੇ ਜਜ਼ਬੇ ਨੂੰ ਵੇਖਿਆ। ਖ਼ੁਦਾ ਚਾਹੁੰਦਾ ਹੈ ਕਿ ਤੁਸੀਂ ਅਸਮਾਨ ਦੇ ਤਾਰਿਆਂ ਵਾਂਗ ਚਮਕੋ, ਕਿਉਂਕਿ ਉਹਨੇ ਵਾਅਦਾ ਕੀਤਾ ਹੈ ਕਿ ''ਉਹ

ਜਿਹੜੇ ਬੁੱਧਵਾਨ ਹਨ ਅੰਬਰ ਦੇ ਪ੍ਰਕਾਸ਼ ਵਾਂਗ ਚਮਕਣਗੇ ਅਤੇ ਉਹ ਜਿਨ੍ਹਾਂ ਦੇ ਉੱਦਮ ਨਾਲ ਢੇਰ ਸਾਰੇ ਧਰਮੀ ਬਣ ਗਏ ਤਾਰਿਆਂ ਵਾਂਗ ਯੁੱਗੋ ਯੁੱਗ ਤਕ'' (ਦਾਨੀਏਲ 12:3)।

ਇਹ ਵਿਚਾਰ ਕਿੰਨਾ ਤਸੱਲੀ ਦੇਣ ਵਾਲਾ ਅਤੇ ਵਿਸ਼ਵਾਸ ਵਧਾਉਣ ਵਾਲਾ ਹੈ ਕਿ ਖ਼ੁਦਾ ਸਭ ਕੁਝ ਵੇਖ ਰਿਹਾ ਹੈ। ਲੋਕ ਤੁਹਾਡੇ ਬਾਰੇ ਕੁਝ ਵੀ ਆਖਣ ਜਾਂ ਤੁਹਾਡੇ ਨਾਲ ਜਿਹੋ ਜਿਹਾ ਵੀ ਸਲੂਕ ਕਰਨ, ਸਭ ਕੁਝ ਵੇਖਣ ਵਾਲੇ ਅੱਗੇ ਸੱਚੇ ਨਾਲ ਮਨ ਦੁਆ ਕਰਕੇ, ਤੁਸੀ ਵੱਡੇ ਵਾਅਦੇ ਨੂੰ ਪਾ ਸਕਦੇ ਹੋ: ''ਯਹੋਵਾਹ ਦੀਆਂ ਅੱਖਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ ਤਾਂ ਜੋ ਉਨ੍ਹਾਂ ਦੀ ਸਹਾਇਤਾ ਲਈ ਜਿਨ੍ਹਾਂ ਦਾ ਦਿਲ ਉਸਦੇ ਉੱਤੇ ਪੂਰੀ ਨਿਹਚਾ ਰੱਖਦਾ ਹੈ ਆਪਣੇ ਆਪ ਨੂੰ ਸਮਰੱਥ ਵਿਖਾਵੇ'' (2 ਇਤਿਹਾਸ 16:9)।

## ਸੁਰਗ ਨੇੜੇ ਹੀ ਹੈ

ਪ੍ਰਭੂ ਨੂੰ ਬਹੁਤ ਉੱਚੇ ਅਕਾਸ਼ ਵਿਚ ਉਠਾਏ ਜਾਣ ਦਾ ਤੱਥ ਸਾਡੇ ਖ਼ੁਦਾ ਨੂੰ ਦੂਰ ਦਾ ਖ਼ੁਦਾ ਨਹੀਂ ਬਣਾ ਦਿੰਦਾ। ਇਹ ਤਾਂ ਸੱਚ ਹੈ ਕਿ ਉਹ ਸਭ ਤੋਂ ਉੱਚਾ ਹੈ, ਪਰ ਉਹ ਸਭ ਦੇ ਅੰਦਰ ਅਤੇ ਸਭ ਦੇ ਵਿਚਕਾਰ ਹੈ (ਅਫ਼ਸੀਆਂ 4:6)। ਉਹ ਸੁਰਗ ਵਿਚ ਹੀ ਰਾਜ ਨਹੀਂ ਕਰਦਾ, ਬਲਕਿ ਜੋ ਲੋਕ ਮਸੀਹ ਦੇ ਹਨ, ਉਨ੍ਹਾਂ ਦੇ ਮਨਾਂ ਵਿਚ ਵੀ ਵੱਸਦਾ ਹੈ। ਤੁਸੀਂ ਜਦ ਇੰਜੀਲ ਦੀ ਗੱਲ ਮੰਨਦੇ ਹੋ ਤਾਂ ਉੱਪਰੋਂ ਮਹਿਮਾਨ ਆਉਂਦੇ ਹਨ। ਬਪਤਿਸਮਾ ਲੈਣ ਵੇਲੇ ਖ਼ੁਦਾ ਤੁਹਾਡੇ ਲਈ ਦਾਨ ਦੇ ਰੂਪ ਵਿਚ ਆਤਮਾ ਭੇਜਦਾ ਹੈ (ਰਸੂਲਾਂ ਦੇ ਕੰਮ 2:38; 5:32; ਗਲਾਤੀਆਂ 4:6; ਅਫ਼ਸੀਆਂ 1:13, 14)। ਪਵਿੱਤਰ ਆਤਮਾ ਦੇ ਇਲਾਵਾ (1 ਕੁਰਿੰਥੀਆਂ 6:19) ਦੋ ਹੋਰ ਬੇਹੱਦ ਅਜ਼ੀਜ਼ ਸ਼ਖ਼ਸ ਵੀ ਆਉਂਦੇ ਹਨ: ''ਮੇਰਾ ਪਿਤਾ ਉਹਨੂੰ ਪਿਆਰ ਕਰੇਗਾ ਅਤੇ ਅਸੀਂ ਉਸਦੇ ਕੋਲ ਆਵਾਂਗੇ ਅਰ ਉਹਦੇ ਨਾਲ ਵਾਸ ਕਰਾਂਗੇ'' (ਯੂਹੰਨਾ 14:23)।

ਜੇ ਤੁਸੀਂ ਮੈਨੂੰ ਪੁੱਛੋ ਕਿ ਆਪਣੀ ਹੈਕਲ ਵਿਚ ਰਹਿਣ ਵਾਲਾ (ਜ਼ਬੂਰ 11:4) ਸੁਰਗ ਦਾ ਖ਼ੁਦਾ ਤੁਹਾਡੇ ਵਿਚ ਕਿਵੇਂ ਰਹਿ ਸਕਦਾ ਹੈ, ਤਾਂ ਮੈਂ ਐਨਾ ਹੀ ਆਖ ਸਕਦਾ ਹਾਂ ਕਿ ਮੈਨੂੰ ਨਹੀਂ ਪਤਾ, ਮੈਨੂੰ ਤਾਂ ਇਹੀ ਪਤਾ ਹੈ ਕਿ ਉਹ ਮੇਰੇ ਅੰਦਰ ਹੈ। ਖ਼ੁਦਾ ਵਫ਼ਾਦਾਰ ਰਹਿੰਦਾ ਹੈ (2 ਤਿਮੋਥਿਉਸ 2:13) ਅਤੇ ਲਿਖਤ ਖੰਡਣ ਨਹੀਂ ਹੋ ਸਕਦੀ (ਯੂਹੰਨਾ 10:35)। ਮਸੀਹ ਸੁਰਗ ਵਿਚ ਖ਼ੁਦਾ ਦੇ ਸੱਜੇ ਹੱਥ ਬੈਠਾ ਹੈ (1 ਪਤਰਸ 3:22)। ਪਰ ਪ੍ਰਭੂ ਦੇ ਹਰ ਦਿਨ ਉਹ ਆਪਣੇ ਪਵਿੱਤਰ ਲੋਕਾਂ ਨਾਲ ਧਰਤੀ 'ਤੇ ਪ੍ਰਭੂ ਭੋਜ ਵਿਚ ਸ਼ਾਮਿਲ ਹੁੰਦਾ ਹੈ (ਮੱਤੀ 26:29)। ਓਸੇ ਵਕਤ ਉਹਦੇ ਨਾਂਅ ਵਿਚ ਕਿਸੇ ਨਿੱਕੀ ਜਿਹੀ ਝੌਂਪੜੀ ਵਿਚ ਜਮ੍ਹਾ ਹੋਏ ਦੋ ਜਾਂ ਤਿੰਨ ਜਣਿਆਂ ਵਿਚ ਵਡਿਆਈ ਪਾ ਸਕਦਾ ਹੈ (ਮੱਤੀ 18:20)। ਖ਼ੁਦਾ ਦੇ ਲੋਕਾਂ ਵਿਚ ਨੇੜਤਾ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ, ਪਰ ਉਹ ਗੱਲਾਂ ਜੋ ਲੰਮੇ ਅਰਸੇ ਤੋਂ ਅਸੀਂ ਜਾਣਦੇ ਹਾਂ ਅਤੇ ਉਨ੍ਹਾਂ ਲਈ ਧੰਨਵਾਦ ਵੀ ਕਰਦੇ ਹਾਂ ਸਾਨੂੰ ਤਸੱਲੀ ਦਿੰਦੀਆਂ ਹਨ। ਯਸਾਯਾਹ ਨੇ ਲਿਖਿਆ ਸੀ:

> ਮਹਾਨ ਅਤੇ ਉੱਤਮ ਪੁਰਖ ਜੋ ਸਦਾ ਕਾਇਮ ਹੈ, ਜਿਸ ਦਾ ਨਾਮ ਪਵਿੱਤਰ ਹੈ, ਇਉਂ ਆਖਦਾ ਹੈ, ਮੈਂ ਉੱਚੇ ਅਤੇ ਪਵਿੱਤਰ ਅਸਥਾਨ ਤੇ ਵੱਸਦਾ ਹਾਂ, ਉਹ ਦੇ ਨਾਲ ਵੀ ਜਿਹਦਾ ਦਾ ਆਤਮਾ ਕੁਚਲਿਆ ਤੇ ਅੱਝਾ ਹੈ, ਭਈ ਮੈਂ ਅੱਝਿਆਂ ਦੇ ਆਤਮਾ ਨੂੰ ਜਿਵਾਵਾਂ, ਕੁਚਲਿਆਂ ਹੋਇਆਂ ਦੇ ਦਿਲ ਨੂੰ ਜਿਵਾਵਾਂ (ਯਸਾਯਾਹ 57:15)।

ਜਦ ਦੁਆ ਮੰਗੋ, ਤਾਂ ਆਪਣੇ ਪਿਤਾ ਤੋਂ ਮੰਗੋ ਜੋ ਸੁਰਗ ਵਿਚ ਹੈ।